# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ

# ਪ੍ਰੈਸ ਨੋਟ

## ਗੋਤਮ ਨਗਰ ਵਿਖੇ ਬਣੇ ਕਮਿਊਨਿਟੀ ਸੈਂਟਰ ਵਿਚ ਲੋਕਾਂ ਨੂੰ ਹੋਰ ਸੁਵਿਧਾਵਾਂ ਉਪਲਬਧ ਕਰਵਾਈਆਂ ਜਾਣਗੀਆਂ......ਤਿਕਸ਼ਨ ਸੂਦ

### ਕਮਿਊਨਿਟੀ ਸੈਂਟਰ ਵਿੱਚ ਨੌਜਵਾਨਾਂ ਲਈ ਜਿਮ ਅਤੇ 15 ਲੱਖ ਰੁਪਏ ਦੀ ਲਾਗਤ ਨਾਲ ਪਹੁੰਚ ਸੜਕਾਂ ਦਾ ਕੀਤਾ ਜਾਵੇਗਾ ਨਿਰਮਾਣ

ਹੁਸ਼ਿਆਰਪੁਰ 27 ਦਸਬੰਰ ਨਗਰ ਨਿਗਮ ਹੁਸ਼ਿਆਰਪੁਰ ਵਲੋਂ ਗੋਤਮ ਨਗਰ ਵਿਖੇ ਉਸਾਰੇ ਗਏ ਡਾ. ਸ਼ਿਆਮਾ ਪ੍ਰਸ਼ਾਦ ਮੁਖਰਜੀ ਕਮਿਊਨਿਟੀ ਸੈਂਟਰ ਅਤੇ ਨੇਚਰ ਪਾਰਕ ਦੇ ਰੱਖ ਰਖਾਓ ਅਤੇ ਕਰਵਾਏ ਜਾਣ ਵਾਲੇ ਵਿਕਾਸ ਕਾਰਜ਼ਾਂ ਸਬੰਧੀ ਮੁੱਖੀ ਮੰਤਰੀ ਪੰਜਾਬ ਦੇ ਸਲਾਹਕਾਰ ਸ੍ਰੀ ਤਿਕਸ਼ਨ ਸੂਦ ਦੀ ਪ੍ਰਧਾਨਗੀ ਹੇਠ ਕਾਰਜਕਾਰੀ ਕਮੇਟੀ ਦੀ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿਚ ਮੇਅਰ ਸ਼ਿਵ ਕੁਮਾਰ ਸੂਦ, ਐਸ.ਡੀ.ਐੱਮ. ਜਤਿਦੰਰ ਜ਼ੋਰਵਾਲ, ਤਹਿਸੀਲਦਾਰ ਅਰਵਿੰਦ ਪ੍ਰਕਾਸ਼ ਵਰਮਾ, ਕੌਂਸਲਰ ਨੀਤੀ ਤਲਵਾੜਾ, ਅਸ਼ੋਕ ਸ਼ਰਮਾ, ਜਗਤਾਰ ਸਿੰਘ ਸੈਣੀ, ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਐਸ.ਡੀ.ਓ ਕੁਲਦੀਪ ਸਿੰਘ, ਹਰਪ੍ਰੀਤ ਸਿੰਘ, ਇੰਸਪੈਕਟਰ ਵਿਜੇ ਕੁਮਾਰ, ਪਵਨ ਭੱਟੀ, ਰਾਮਦੇਵ ਯਾਦਵ ਹਾਜ਼ਰ ਸਨ।

ਮੀਟਿੰਗ ਦੌਰਾਨ ਕਮਿਊਨਿਟੀ ਸੈਂਟਰ ਵਿਚ ਆਮ ਲੋਕਾਂ ਨੂੰ ਬਿਹਤਰ ਸੁਵਿਧਾਵਾਂ ਉਪਲਬਧ ਕਰਵਾਉਣ ਲਈ ਵਿਚਾਰ ਵਟਾਦਰਾਂ ਕਰਨ ਉਪਰੰਤ ਸ੍ਰੀ ਤਿਕਸ਼ਨ ਸੂਦ ਨੇ ਦੱਸਿਆ ਕਿ ਕਮਿਊਨਿਟੀ ਦੇ ਵਿੱਚ ਨੌਜਵਾਨਾਂ ਨੂੰ ਸੇਹਤ ਸਬੰਧੀ ਸੁਵਿਧਾਵਾਂ ਦੇਣ ਲਈ ਨਗਰ ਨਿਗਮ ਵੱਲੋਂ ਜਿਮ ਰੂਮ ਬਨਾਉਣ, ਜਿਮ ਦਾ ਸਮਾਨ ਅਤੇ ਸਪੋਰਟਸ ਕਿੱਟ ਮੁਹੱਈਆਂ ਕਰਵਾਉਣ, ਨਗਰ ਨਿਗਮ ਦੇ ਕਰਮਚਾਰੀਆਂ ਨੂੰ ਕਮਿਊਨਿਟੀ ਸੈਂਟਰ ਕਰਵਾਉਣ ਦੇ 50% ਛੁੱਟ, ਕਮਿਊਨਿਟੀ ਸੈਂਟਰ ਦੀ ਪਾਰਕਿੰਗ ਨੂੰ ਪਹੁੰਚਣ ਵਾਲੀਆਂ ਸੜਕਾਂ ਨੂੰ 15 ਲੱਖ ਰੁਪਏ ਦੀ ਲਾਗਤ ਨਾਲ ਪੱਕਾ ਬਣਾਉਣ, ਕਮਿਊਨਟੀ ਸੈਂਟਰ ਨੂੰ ਲਗਦੀਆਂ ਮੁੱਖ ਸੜਕਾਂ ਉਪੱਰ ਕਮਿਊਨਟੀ ਸੈਂਟਰ ਨੂੰ ਜਾਣ ਸਬੰਧੀ ਦਰਸਾਉਦੇ ਬੋਰਡ ਲਗਾਉਣ ਅਤੇ 7 ਲੱਖ ਰੁਪਏ ਦੀ ਲਾਗਤ ਨਾਲ ਕਮਿਊਨਟੀ ਸੈਂਟਰ ਦੀ ਜਰਨਲ ਮੁਰੰਮਤ ਸਬੰਧੀ ਮਤਾ ਪਾਸ ਕੀਤਾ ਗਿਆ। ਸ੍ਰੀ ਤਿਕਸ਼ਨ ਸੂਦ ਨੇ ਦੱਸਿਆ ਕਿ ਨਗਰ ਨਿਗਮ ਵਲੋਂ ਬਣਾਏ ਗਏ ਕਮਿਊਨਟੀ ਸੈਂਟਰ ਦਾ ਕਿਰਾਇਆ ਬਾਕੀ ਸਾਰੇ ਮੈਰਿਜ਼ ਪੈਲੇਸਾਂ ਤੋਂ ਕਾਫੀ ਘੱਟ ਹੈ ਇਸ ਲਈ ਆਪਣੇ ਖੁਸ਼ੀ ਅਤੇ ਹੋਰ ਸਮਾਗਮਾਂ ਨੂੰ ਕਮਿਊਨਟੀ ਸੈਂਟਰ ਵਿਖੇ ਕਰਵਾਓਣ ਅਤੇ ਨਗਰ ਨਿਗਮ ਵਲੋਂ ਦਿੱਤੀ ਜਾ ਰਹੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ।